ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਦਫਤਰ: ਮੁੱਖ ਇੰਜੀਨੀਅਰ/ ਵਣਜ, ਪਟਿਆਲਾ ।

ਵੱਲ

ਸਾਰੇ ਇੰਜਨੀਅਰ-ਇਨ-ਚੀਫ/ਮੁੱਖ ਇੰਜਨੀਅਰਜ਼ / ਵੰਡ
ਅਧੀਨ ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਟਿਡ।

ਮੀਮੋ ਨੰ: **903/ 937**

ਮਿਤੀ: **21.6.2013**

ਵਿਸ਼ਾ: ਖੇਤੀਬਾੜੀ ਖਪਤਕਾਰਾਂ ਦੇ ਟਿਊਬਵੈਲ ਕੁਨੈਕਸ਼ਨ ਦੇ ਭਾਰ ਵਿੱਚ ਵਾਧਾ ਕਰਨ ਸਬੰਧੀ ।

ਈਐਸਆਈਐਮ ਦੀ ਧਾਰਾ 27.6 ( ii ) ਵਿੱਚ ਖੇਤੀਬਾੜੀ ਖਪਤਕਾਰਾਂ ਦੇ ਭਾਰ ਵਿੱਚ ਵਾਧਾ ਕਰਨ ਸਬੰਧੀ ਕੀਤੇ ਪ੍ਰਾਵਧਾਨ ਅਨੁਸਾਰ ਭਾਰ ਵਾਧੇ ਦੇ ਕੇਸਾਂ ਵਿੱਚ ਜਿਥੇ ਕੋਈ ਸਿਸਟਮ ਵਿੱਚ augmentation ਦੀ ਲੋੜ ਨਹੀਂ ਹੈ ਅਤੇ ਜਿਥੇ ਟਰਾਂਸਫਾਰਮਰ ਦੀ augmentation ਦੀ ਲੋੜ ਹੈ ਵਿੱਚ 2 ਅਲੱਗ ਅਲੱਗ ਸੀਨੀਆਰਤਵਾਂ ਮੇਨਟੈਨ ਕਰਕੇ ਭਾਰ ਵਾਧੇ ਦੇ ਕੇਸਾਂ ਵਿੱਚ ਮੰਗ ਪੱਤਰ ਜਾਰੀ ਕਰਨ ਦੀਆਂ ਹਦਾਇਤਾਂ ਹਨ । ਜਿਥੇ augmentation ਦੀ ਜ਼ੂਰਰਤ ਨਹੀਂ ਹੈ, ਉਸ ਕੇਸ ਵਿੱਚ ਏ ਅਤੇ ਏ ਫਾਰਮ ਲੈਕੇ ਛੇਤੀ ਮੰਗ ਪੱਤਰ ਜਾਰੀ ਕਰਨ ਦੀਆਂ ਹਦਾਇਤਾਂ ਹਨ ਅਤੇ ਸਰਵਿਸ ਕੁਨੈਕਸ਼ਨ ਚਾਰਜਿਜ ਅਤੇ ਟੈਸਟ ਰਿਪੋਰਟ ਜਮ੍ਹਾਂ ਕਰਵਾਉਣ ਤੇ ਭਾਰ ਵਾਧਾ ਬਿਨਾਂ ਕਿਸੇ ਦੇਰੀ ਤੋਂ ਜਾਰੀ ਕੀਤਾ ਜਾਣਾ ਹੈ । ਦੂਸਰੇ ਕੇਸ ਜਿਥੇ ਟਰਾਂਸਫਾਰਮਰ / ਸਪਲਾਈ ਸਿਸਟਮ ਦੀ augmentation ਲੋੜੀਂਦੀ ਹੈ, ਉਸ ਕੇਸ ਵਿੱਚ ਇਸ ਸੀਨੀਆਰਤਾ ਦੇ ਸਿਸਟਮ ਦੀ augmentation ਉਪਰੰਤ ਮੰਗ ਪੱਤਰ ਜਾਰੀ ਕਰਨ ਦੀਆਂ ਹਦਾਇਤਾਂ ਹਨ ।

ਕੁਝ ਖੇਤੀਬਾੜੀ ਖਪਤਕਾਰਾਂ ਵੱਲੋਂ ਮਿਲੀ ਫੀਡ-ਬੈਕ ਕਿ ਉਹ ਭਾਰ ਵਧਾਉਣਾ ਚਾਹੁੰਦੇ ਹਨ, ਪਰੰਤੂ ਇਸ ਦੀ ਕਾਰਵਾਈ ਲਈ ਕਾਫੀ ਸਮਾਂ ਲੱਗ ਜਾਂਦਾ ਹੈ । ਅਜਿਹੇ ਕਿਸ਼ਾਨਾਂ ਜਿਹਨਾਂ ਨੂੰ ਭਾਰ ਵਾਧੇ ਲਈ hardship ਦਾ ਸਾਹਮਣਾ ਕਰਨਾ ਪੈ ਰਿਹਾ ਹੈ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਲੋੜਬੰਦ ਕਿਸ਼ਾਨ ਜਿਹਨਾਂ ਨੂੰ ਭਾਰ ਵਾਧੇ ਦੀ ਲੋੜ ਹੈ ਅਤੇ ਭਾਰ ਵਧਾਉਣਾ ਚਾਹੁੰਦੇ ਹਨ ਨੂੰ ਸਹੂਲੀਅਤ ਦੇਣ ਅਤੇ ਅਜਿਹੇ ਖਪਤਕਾਰ ਸਿਸਟਮ ਤੇ

ਅਣਅਧਿਕਾਰਤ ਭਾਰ ਨਾ ਪਾਉਣ ਦੇ ਸਬੰਧ ਵਿੱਚ ਮਾਮਲਾ ਵਿਚਾਰਿਆ ਗਿਆ ਅਤੇ ਲੋਡ ਵਧਾਉਣ ਦੀ ਪ੍ਰੀਕਿਰਆ ਵਿੱਚ ਮਿਤੀ 30.09.2013 ਤੱਕ ਹੇਠ ਲਿਖੇ ਅਨੁਸਾਰ ਸਰਲ ਕਰਨ ਦਾ ਫੈਸਲਾ ਕੀਤਾ ਗਿਆ :-

1) <u>ਜਿਥੇ **augmentation** ਦੀ ਲੋੜ ਨਹੀਂ ਹੈ :</u>

ਅਜਿਹੇ ਕੇਸਾਂ ਵਿੱਚ ਬਿਨੈਕਾਰ ਤੋਂ ਭਾਰ ਵਾਧੇ ਦੀ ਅਰਜੀ ਲੈਣ ਉਪਰੰਤ ਮੌਜੂਦਾ ਲਾਗੂ ਸਰਵਿਸ ਕੁਨੈਕਸ਼ਨ ਚਾਰਜਿਜ ( ਭਾਵ 4500/- ਰੁਪਏ ਪ੍ਰਤੀ ਬੀ.ਐਚ.ਪੀ ) + 200/- ਪ੍ਰਤੀ ਬੀ.ਐਚ.ਪੀ initial security ਭਰਵਾ ਕੇ ਉਸਦਾ ਭਾਰ ਵਾਧਾ ਬਿਨਾਂ ਕਿਸੇ ਦੇਰੀ ਤੋਂ ਜਾਰੀ ਕੀਤਾ ਜਾਵੇ ।ਇਹ ਵਾਧਾ ਰਕਮ ਜਮ੍ਹਾ ਹੋਣ ਦੀ ਮਿਤੀ ਤੋਂ ਗਿਣਿਆ ਜਾਵੇਗਾ ।

2) <u>ਜਿਥੇ ਟਰਾਂਸਫਾਰਮਰ / ਸਪਲਾਈ ਸਿਸਟਮ ਦੀ **augmentation** ਦੀ ਜਰੂਰਤ ਹੈ :</u>

ਅਜਿਹੈ ਕੇਸਾਂ ਵਿੱਚ ਅਰਜੀ ਸਮੇਤ ਲਾਗੂ ਸਰਵਿਸ ਕੁਨੈਕਸ਼ਨ ਚਾਰਜਿਜ ( ਭਾਵ 4500/- ਰੁਪਏ ਪ੍ਰਤੀ ਬੀ.ਐਚ.ਪੀ ) + 200/- ਪ੍ਰਤੀ ਬੀ.ਐਚ.ਪੀ initial security ਪ੍ਰਾਪਤ ਹੋਣ ਦੇ 7 ਦਿਨਾਂ ਦੇ ਅੰਦਰ ਸਪਲਾਈ ਸਿਸਟਮ / ਟਰਾਂਸਫਾਰਮਰ ਦੀ augmentation ਕਰਕੇ ਅਤੇ ਬਿਨੈਕਾਰ ਤੋਂ ਹਦਾਇਤਾਂ ਮੁਤਾਬਿਕ ਸਰਵਿਸ ਕੁਨੈਕਸ਼ਨ ਚਾਰਜਿਜ, ਟੈਸਟ ਰਿਪੋਰਟ ਅਤੇ initial security ਆਦਿ ਲੈਕੇ ਉਸਦਾ ਭਾਰ ਵਾਧਾ ਬਿਨਾਂ ਕਿਸੇ ਦੇਰੀ ਤੋਂ ਜਾਰੀ ਕੀਤਾ ਜਾਵੇ ।

ਉਪਰੋਕਤ ਕੇਸਾਂ ਵਿੱਚ ਕੋਈ ਮੰਗ ਪੱਤਰ ਜਾਰੀ ਨਹੀਂ ਕੀਤਾ ਜਾਵੇਗਾ ।

ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ।

ਇਹ ਸੀਐਮਡੀ, ਪੀਐਸਪੀਸੀਐਲ, ਪਟਿਆਲਾ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ।

Harjeet Kaur

ਨਿਗਰਾਨ ਇੰਜੀਨੀਅਰ/ ਵਿਕਰੀ-1
ਵਾ: ਮੁੱਖ ਇੰਜੀਨੀਅਰ/ ਵਣਜ,
ਪੀਐਸਪੀਸੀਐਲ, ਪਟਿਆਲਾ ।

ਸੀ:ਸੀ:

1. ਓ.ਐਸ.ਡੀ ਟੂ ਸੀ ਐਮ ਡੀ, ਪੀਐਸਪੀਸੀਐਲ, ਪਟਿਆਲਾ ।
2. ਪੀ ਐਸ ਟੂ ਡਾਇਰੈਕਟਰ/ ਵਣਜ, ਪੀਐਸਪੀਸੀਐਲ, ਪਟਿਆਲਾ ।
3. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ( ਵੰਡ ਹਲਕਾ ) ਅਧੀਨ ਪੀਐਸਪੀਸੀਐਲ
4. ਉਪ ਮੁੱਖ ਇੰਜੀਨੀਅਰ/ ਬਿਲਿੰਗ, ਪੀਐਸਪੀਸੀਐਲ, ਪਟਿਆਲਾ ।
5. ਉਪ ਮੁੱਖ ਇੰਜੀਨੀਅਰ/ ਵਿਕਰੀ-2, ਪੀਐਸਪੀਸੀਐਲ, ਪਟਿਆਲਾ